BC Renal Agency
An agency of the Provincial Health Services Authority

# ਪੈਰੀਟੋਨੀਅਲ ਡਾਇਆਲਿਸਸ ਲਈ ਬੈੱਡ ਸਾਈਡ ਨਾਲੀ ਚਾੜ੍ਹਨਾ: ਮੈਂ ਤਿਆਰੀ ਕਿਵੇਂ ਕਰਨੀ ਹੈ?

## ਤੁਹਾਡੀ ਸਰਜਰੀ ਦੀ ਤਰੀਕ ਅਤੇ ਸਮਾਂ

______________________________________

***ਜ਼ਰੂਰੀ: ਕਿਰਪਾ ਕਰਕੇ ਸਿਰਫ ਉਨ੍ਹਾਂ ਹਿਦਾਇਤਾਂ ਦੀ ਹੀ ਪਾਲਣਾ ਕਰੋ ਜਿਨ੍ਹਾਂ 'ਤੇ ਨਿਸ਼ਾਨੀ ਲਾਈ ਗਈ ਹੈ।***

***ਸਫਾ 2 'ਤੇ ਟੱਟੀ ਬਾਰੇ ਤਿਆਰੀ ਦੇਖੋ।***

## ਆਪਣੀ ਸਰਜਰੀ ਤੋਂ 7 ਦਿਨ ਪਹਿਲਾਂ

☐ ਕੈਲਸ਼ੀਅਮ ਅਤੇ/ਜਾਂ ਆਇਰਨ ਲੈਣਾ ਬੰਦ ਕਰੋ

## ਆਪਣੀ ਸਰਜਰੀ ਤੋਂ 5 ਦਿਨ ਪਹਿਲਾਂ

☐ ਖ਼ੂਨ ਪਤਲਾ ਕਰਨ ਵਾਲੀਆਂ ਦਵਾਈਆਂ ਬੰਦ ਕਰੋ – ਐਂਟੀਕੋਐਗੂਲੈਂਟਸ, ਉਦਾਹਰਣ ਲਈ, ਵਾਰਫਾਰੀਨ (ਕੂਮਾਡਿਨ)

☐ ਖ਼ੂਨ ਪਤਲਾ ਕਰਨ ਵਾਲੀਆਂ ਦਵਾਈਆਂ ਬੰਦ ਕਰੋ – ਐਂਟੀਪਲੇਟਲਿਟ ਏਜੰਟਸ ਉਦਾਹਰਣ ਲਈ, ਏ ਐੱਸ ਏ (ਐਸਪਰੀਨ), ਕਲੋਪੀਡੋਗਰੇਲ (ਪਲੈਵਿਕਸ)

## ਆਪਣੀ ਸਰਜਰੀ ਤੋਂ ਇਕ ਦਿਨ ਪਹਿਲਾਂ

✔ ਸ਼ਾਮ ਨੂੰ ਹਲਕਾ ਭੋਜਨ ਲਵੋ

✔ ਬੈੱਡ ਤੇ ਜਾਣ ਤੋਂ ਪਹਿਲਾਂ ਐਂਟੀਬੈਕਟੀਰੀਅਲ ਸਾਬਣ ਨਾਲ ਸ਼ਾਵਰ ਲਵੋ (ਅਤੇ ਜੇ ਤੁਸੀਂ ਚਾਹੋ ਤਾਂ ਅਗਲੇ ਦਿਨ ਸਵੇਰ ਨੂੰ ਵੀ)

☐ ਵਾਟਰ ਪਿਲਜ਼ (ਗੋਲੀਆਂ) ਲੈਣਾ ਬੰਦ ਕਰੋ, ਉਦਾਹਰਣ ਲਈ ਫੁਰੋਸੇਮਾਇਡ (ਲੇਸਿਕਸ), ਹਾਈਡਰੋਕਲੋਰੋਥੀਆਜ਼ਾਇਡ (ਨੋਵੋ-ਹਾਈਡਰੋਜ਼ਾਇਡ, ਐਪੋ-ਹਾਈਡਰੋ)

☐ ਅੱਧੀ ਰਾਤ ਤੋਂ ਬਾਅਦ ਕੁਝ ਵੀ ਖਾਣਾ ਜਾਂ ਪੀਣਾ ਨਹੀਂ

## ਆਪਣੀ ਸਰਜਰੀ ਵਾਲੇ ਦਿਨ

✔ ਕਿਸੇ ਦੋਸਤ ਜਾਂ ਪਰਿਵਾਰ ਦੇ ਮੈਂਬਰ ਦਾ ਪ੍ਰਬੰਧ ਕਰੋ ਜੋ ਤੁਹਾਨੂੰ ਗੱਡੀ ਵਿਚ ਹਪਸਤਾਲ ਲੈ ਕੇ ਜਾਵੇ ਅਤੇ ਸਰਜਰੀ ਤੋਂ ਬਾਅਦ ਹਸਪਤਾਲ ਤੋਂ ਲੈ ਕੇ ਆਵੇ

✔ ਢਿੱਲੇ ਕੱਪੜੇ ਪਹਿਨੋ (ਉਦਾਹਰਣ ਲਈ ਜੌਗਿੰਗ ਸੂਟ)

✔ ਆਪਣੀਆਂ ਦਵਾਈਆਂ ਪਾਣੀ ਦੇ ਘੁੱਟ ਨਾਲ ਲਵੋ

☐ ਤੁਹਾਡੀਆਂ ਸ਼ੂਗਰ ਦੀਆਂ ਦਵਾਈਆਂ ਵਿਚ ਤਬਦੀਲੀਆਂ

______________________________________

______________________________________

______________________________________

☐ ਸਰਜਰੀ ਵਾਲੇ ਦਿਨ ਦੀ ਸਵੇਰ ਨੂੰ ਹਲਕਾ ਬਰੇਕਫਾਸਟ ਕਰੋ

**ਜਾਂ**

☐ ਸਰਜਰੀ ਵਾਲੇ ਦਿਨ ਦੀ ਸਵੇਰ ਨੂੰ ਕੋਈ ਬਰੇਕਫਾਸਟ ਨਾ ਕਰੋ

☐ ਸਰਜਰੀ ਵਾਲੇ ਦਿਨ ਦੀ ਸਵੇਰ ਨੂੰ ਸਨੈਕ ਅਤੇ ਛੋਟਾ ਲੰਚ ਨਾਲ ਲੈ ਕੇ ਆਉ

✔ ਇਨਸੂਲਿਨ ਸਮੇਤ ਆਪਣੀਆਂ ਸਾਰੀਆਂ ਦਵਾਈਆਂ ਨਾਲ ਲੈ ਕੇ ਆਉ

## ਟੱਟੀ ਬਾਰੇ ਤਿਆਰੀ (ਕਬਜ਼ ਖੋਲ੍ਹਣ ਵਾਲੀ ਦਵਾਈ)

☐ ਪੌਲੀਥਾਇਲੀਨ ਗਲਾਈਕੋਲ 3350
(ਫਾਰਮੇਸੀ: 2  70 ਗ੍ਰਾਮ ਦੇ ਪੈਕੇਜ ਤਿਆਰ ਕਰੋ)

- ਹਰ ਪੈਕੇਜ (70 ਗ੍ਰਾਮ) ਨੂੰ 1 ਲੀਟਰ ਪਾਣੀ ਵਿਚ ਮਿਲਾਉ। ਪੀਣ ਤੋਂ ਪਹਿਲਾਂ ਠੰਢਾ ਕਰੋ
- ਦੋਨੋਂ ਲੀਟਰ ਤਰਲ, ਆਪਣੀ ਸਰਜਰੀ ਤੋਂ ਪਹਿਲਾਂ ਵਾਲੇ ਦਿਨ ਦੀ ਸਵੇਰ ਦੇ ਅੱਧ ਤੋਂ ਸ਼ੁਰੂ ਕਰਕੇ 4 ਤੋਂ 6 ਘੰਟਿਆਂ ਵਿਚ ਪੀਉ

☐ ਲੈਕਟੂਲੋਸ ਸੀਰੱਪ:

_____ ਮਿਲੀਲੀਟਰ ਸਵੇਰ ਨੂੰ ਅਤੇ

_____ ਮਿਲੀਲੀਟਰ ਸ਼ਾਮ ਨੂੰ ਆਪਣੀ ਸਰਜਰੀ ਤੋਂ ਪਹਿਲਾਂ ਵਾਲੇ ਦਿਨ

☐ ਸੇਨਾ ਗਲਾਈਕੋਸਾਈਡਜ਼ (ਸੈਨੋਕੋਟ) ਗੋਲੀਆਂ:

_____ ਗੋਲੀਆਂ ਸਵੇਰ ਨੂੰ ਅਤੇ

_____ ਗੋਲੀਆਂ ਸ਼ਾਮ ਨੂੰ

_____ ਦਿਨਾਂ ਲਈ ਸਰਜਰੀ ਤੋਂ ਪਹਿਲਾਂ

☐ ਡੌਕੂਸੇਟ (ਕੋਲੇਸ) ਕੈਪਸੂਲ:

_____ ਕੈਪਸੂਲ ਸਵੇਰ ਨੂੰ ਅਤੇ

_____ ਕੈਪਸੂਲ ਸ਼ਾਮ ਨੂੰ

_____ ਦਿਨਾਂ ਲਈ ਸਰਜਰੀ ਤੋਂ ਪਹਿਲਾਂ

## ਜ਼ਰੂਰੀ ਫੋਨ ਨੰਬਰ

ਕਿਡਨੀ ਡਾਕਟਰ ________________________________

ਪੈਰੀਟੋਨੀਅਲ ਡਾਇਆਲਿਸਸ ਯੂਨਿਟ ____________________

ਕਿਡਨੀ ਕਲੀਨਿਕ ________________________________

ਇਸ ਪੈਂਫਲਿਟ ਵਿਚਲੀ ਜਾਣਕਾਰੀ, ਸਿਖਿਆ ਅਤੇ ਜਾਣਕਾਰੀ ਦੇਣ ਦੇ ਮੰਤਵਾਂ ਲਈ, ਅਤੇ ਆਪਣੀ ਡਾਕਟਰੀ ਹਾਲਤ ਅਤੇ ਇਲਾਜ ਬਾਰੇ, ਆਪਣੀ ਇਲਾਜ ਕਰਨ ਵਾਲੀ ਟੀਮ ਨਾਲ ਵਿਚਾਰ-ਵਟਾਂਦਰਾ ਕਰਨ ਵਿਚ ਮਦਦ ਕਰਨ ਲਈ ਦਿੱਤੀ ਗਈ ਹੈ। ਇਹ ਡਾਕਟਰੀ ਸਲਾਹ ਦੀ ਥਾਂ ਨਹੀਂ ਲੈਂਦੀ ਅਤੇ ਨਾ ਹੀ ਤੁਹਾਡੇ ਡਾਕਟਰ ਜਾਂ ਹੋਰ ਯੋਗਤਾ ਪ੍ਰਾਪਤ ਸਿਹਤ ਮਾਹਰ ਵਲੋਂ ਦਿੱਤੀ ਜਾਣ ਵਾਲੀ ਸਲਾਹ ਦਾ ਬਦਲ ਬਣਨੀ ਚਾਹੀਦੀ ਹੈ।